ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ,ਪੰਜਾਬ
ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ,ਬਲਾਕ ਈ,ਛੇਵੀਂ ਮੰਜ਼ਿਲ,ਫੇਜ਼-8, ਮੋਹਾਲੀ,
ਈ-ਮੇਲ:directorscert@punjabeducation.gov.in,ਫੋਨ ਨੰਬਰ:0172-221222

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ. ਅਤੇ ਐ.ਸਿੱ.)
ਸਮੂਹ ਸਕੂਲ ਪ੍ਰਿੰਸੀਪਲ (PM Shri)
ਪੰਜਾਬ।

ਮੀਮੋ ਨੰ: e- 804168/SCERT/Teachertrainingup/2024/313959
ਮਿਤੀ: 05.12.24

ਵਿਸ਼ਾ: ਰਾਜ ਦੇ ਸਮੂਹ PM Shri ਸਕੂਲਾਂ ਵਿੱਚ ਸੈਸ਼ਨ 2024-25 ਦੌਰਾਨ Winter Camp ਕਰਵਾਉਣ ਸਬੰਧੀ।

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦੱਸਿਆ ਜਾਂਦਾ ਹੈ ਕਿ ਵਿਦਿਆਰਥੀਆਂ ਲਈ ਸਰਦੀਆਂ ਦੀਆਂ ਛੁੱਟੀਆਂ ਦੇ ਸਮੇਂ ਨੂੰ ਵੱਖ-ਵੱਖ ਮਨੋਰੰਜਕ ਗਤੀਵਿਧੀਆਂ ਦੁਆਰਾ ਸੁਚੱਜੇ ਢੰਗ ਨਾਲ ਬਿਤਾਉਣ ਲਈ Winter Camp ਆਯੋਜਿਤ ਕੀਤਾ ਜਾਣਾ ਹੈ।ਵਿਦਿਆਰਥੀਆਂ ਵਿੱਚ ਰਚਨਾਤਮਕਤਾ, ਵੱਖ-ਵੱਖ ਵਿਸ਼ਿਆਂ ਵਿੱਚ ਦਿਲਚਸਪੀ ਵਧਾਉਣ,holistic development, experiential learning ਅਤੇ ਵਿਸ਼ੇ ਵਿੱਚ ਮੁਹਾਰਤ ਹਾਸਲ ਕਰਨ ਲਈ ਰਾਜ ਦੇ 233 PM Shri ਸਕੂਲਾਂ ਲਈ Winter Camp ਕਰਵਾਇਆ ਜਾਣਾ ਹੈ।

3.0 PM Shri ਸਕੀਮ ਤਹਿਤ ਪੰਜਾਬ ਰਾਜ ਦੇ 233 PM Shri ਸਕੂਲਾਂ ਵਿੱਚ ਪੜ੍ਹਦੇ 6-12 ਜਮਾਤ ਦੇ ਵਿਦਿਆਰਥੀਆਂ ਲਈ Winter Camp ਲਗਾਇਆ ਜਾਣਾ ਹੈ ਜਿਸ ਲਈ PAB ਅਧੀਨ ਭਾਰਤ ਸਰਕਾਰ ਵੱਲੋਂ ਪ੍ਰਤੀ ਵਿਦਿਆਰਥੀ 100/- ਰੁਪਏ ਦੇ ਫੰਡ ਪ੍ਰਵਾਨ ਹੋਏ ਹਨ।

4.0 ਵਿਦਿਆਰਥੀਆਂ ਦੀ ਸਿਹਤ ਅਤੇ ਠੰਡ ਦੇ ਮੌਸਮ ਨੂੰ ਮੱਦੇਨਜ਼ਰ ਰੱਖਦੇ ਹੋਏ ,ਉਕਤ ਕੈਂਪ ਸਕੂਲਾਂ ਵਿੱਚ ਨਾ ਲਗਾ ਕੇ ਵਿਦਿਆਰਥੀ ਵੱਖ-ਵੱਖ ਗਤੀਵਿਧੀਆਂ (ਨਾਲ ਨੱਥੀ ਲਿਸਟ ਅਨੁਸਾਰ) ਘਰ ਤੋਂ ਕਰ ਸਕਦੇ ਹਨ।

5.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) winter camp ਨੂੰ ਸੁਚਾਰੂ ਢੰਗ ਨਾਲ ਚਲਾਉਣ ਵਾਸਤੇ ਅਤੇ ਇਸ ਦੀ ਯੋਜਨਾ ਬੰਦੀ ਕਰਨ ਵਾਸਤੇ ਆਪਣੇ ਜ਼ਿਲ੍ਹੇ ਦੇ ਸਕੂਲ ਮੁਖੀਆਂ ਨਾਲ ਮੀਟਿੰਗ ਕਰਨਗੇ।

6.0 ਉਕਤ winter camp ਦੀ ਯੋਜਨਾਬੰਦੀ ਅਤੇ ਸਫਲ ਸੰਚਾਲਨ ਲਈ ਸਕੂਲ ਪੱਧਰ ਤੇ ਕਮੇਟੀ ਦਾ ਗਠਨ ਕਰ ਲਿਆ ਜਾਵੇ ਜਿਸ ਦੇ ਹੇਠ ਲਿਖੇ ਮੈਂਬਰ ਹੋਣਗੇ:

1. ਸਕੂਲ ਮੁਖੀ
2. ਸਕੂਲ ਦੇ ਤਿੰਨ ਸੀਨੀਅਰ ਲੈਕਚਰਾਰ/ਅਧਿਆਪਕ
3. SMC ਦਾ ਚੇਅਰਮੈਨ/ ਮੈਂਬਰ

7.0 ਉਪਰੋਕਤ ਕੈਂਪ ਦੇ ਸਮਾਨ ਦੀ ਖਰੀਦ ਸੰਬੰਧੀ ਜਾਂ ਕੋਈ ਹੋਰ ਖਰਚ ਸਕੂਲ ਮੁਖੀ ਵੱਲੋਂ ਉਪਰੋਕਤ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਹੀ ਮਤਾ ਪਾ ਕੇ ਕੀਤਾ ਜਾਵੇ।

Scanned with CamScanner

8.0 ਵਿੰਟਰ ਕੈਂਪ ਦੀ ਰਿਪੋਰਟ ਪੱਤਰ ਨਾਲ ਨੱਥੀ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਸਕੂਲ ਮੁਖੀ ਆਪਣੇ ਰਿਕਾਰਡ ਵਿੱਚ ਰੱਖਣਗੇ ਅਤੇ ਸਮੂਹ ਜ਼ਿਲਾ ਸਿੱਖਿਆ ਅਫਸਰ ਆਪਣੇ ਜ਼ਿਲ੍ਹੇ ਦੀ ਰਿਪੋਰਟ ਸਮੇਤ ਤਸਵੀਰਾਂ ਕੰਪਾਈਲ ਕਰਕੇ ਮਿਤੀ 31.03.2025 ਤੱਕ ਹੈਡ ਆਫਿਸ ਦੀ ਈ-ਮੇਲ teachertrainingup@punjabeducation.gov.in ਤੇ ਸਬਮਿਟ ਕਰਨਗੇ।

9.0 ਉਕਤ ਕੈਂਪ ਦੇ ਸੰਚਾਲਨ ਲਈ 100 ਰੁਪਏ ਪ੍ਰਤੀ ਵਿਦਿਆਰਥੀ ਜ਼ਿਲ੍ਹਾ ਵਾਰ ਫੰਡਜ਼ ਜਲਦੀ ਹੀ ਜਾਰੀ ਕਰ ਦਿੱਤੇ ਜਾਣਗੇ।

10.0 ਉਕਤ ਗਤੀਵਿਧੀਆਂ ਤੋਂ ਇਲਾਵਾ ਅਧਿਆਪਕ ਦੁਆਰਾ ਵਿਦਿਆਰਥੀਆਂ ਨੂੰ academic enrichment ਤਹਿਤ ਆਪਣੇ ਪੱਧਰ ਤੇ ਵਰਕਸ਼ੀਟਾਂ ਤਿਆਰ ਕਰਕੇ ਉਹਨਾਂ ਦੇ ਪ੍ਰਿੰਟ ਆਊਟਸ ਵਿਦਿਆਰਥੀਆਂ ਨੂੰ ਦਿੱਤੇ ਜਾ ਸਕਦੇ ਹਨ।

11.0 ਵਿਦਿਆਰਥੀਆਂ ਵੱਲੋਂ ਤਿਆਰ ਕੀਤੇ ਗਏ ਪ੍ਰੋਜੈਕਟਸ ਦੀ ਇਕ ਰੋਜ਼ਾ ਪ੍ਰਦਰਸ਼ਨੀ , ਕਿਸੇ ਵੀ ਬੈਗਲੈਸ -ਡੇ ਵਾਲੇ ਦਿਨ ਲਗਾਈ ਜਾਵੇਗੀ। ਪ੍ਰਦਰਸ਼ਨੀ ਦੌਰਾਨ ਮੁੱਖ ਦਫਤਰ ਦੀਆਂ ਟੀਮਾਂ,ਸਮੂਹ ਜ਼ਿਲਾ ਸਿੱਖਿਆ ਅਫਸਰ, BNO ਅਤੇ ASG ਗਰੁੱਪ ਦੇ ਮੈਂਬਰਾਂ ਵੱਲੋਂ ਸਕੂਲ ਵਿਜ਼ਿਟ ਕੀਤੇ ਜਾਣਗੇ ਅਤੇ ਇਸ ਦੌਰਾਨ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕੀਤੀ ਜਾਵੇ।

12.0 ਪ੍ਰਦਰਸ਼ਨੀ ਵਾਲੇ ਦਿਨ ਵਿਦਿਆਰਥੀਆਂ ਦੇ ਮਾਪਿਆਂ ਅਤੇ SMC ਦੇ ਮੈਂਬਰਾਂ ਨੂੰ ਵੀ ਬੁਲਾਇਆ ਜਾ ਸਕਦਾ ਹੈ।

13.0 ਉਕਤ ਸੰਬੰਧੀ ਲਗਾਏ ਜਾਣ ਵਾਲੀ ਪ੍ਰਦਰਸ਼ਨੀ ਦਾ ਰਿਕਾਰਡ/ਰਿਪੋਰਟ ਫੋਟੋਗ੍ਰਾਫਜ਼ ਸਮੇਤ ਅਧਿਆਪਕਾਂ ਵੱਲੋਂ ਰੱਖਿਆ ।

14.0 ਇਸ ਨੂੰ ਅਤਿ ਜ਼ਰੂਰੀ ਸਮਿਝਆ ਜਾਵੇ।

ਅਮਨਿੰਦਰ ਕੌਰ, ਪੀ.ਸੀ.ਐਸ.
ਡਾਇਰੈਕਟਰ,ਐਸ.ਸੀ.ਈ.ਆਰ.ਟੀ.,
ਪੰਜਾਬ

ਪਿੰਠ ਅੰਕਣ ਨੰਬਰ: ਉਕਤ ਮਿਤੀ: 05.12.24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਨਿ.ਸ/ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ।
2. ਨਿ.ਸ/ ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.),ਪੰਜਾਬ।
3. ਨਿ.ਸ/ ਡਾਇਰੈਕਟਰ ਸਕੂਲ ਸਿੱਖਿਆ (ਐ.ਸਿ.),ਪੰਜਾਬ।

(ਡਾ. ਅਮਨਦੀਪ ਕੌਰ)
ਸਹਾਇਕ ਡਾਇਰੈਕਟਰ,AQT
ਐਸ.ਸੀ.ਈ.ਆਰ.ਟੀ., ਪੰਜਾਬ।

Scanned with CamScanner

## ਸੁਝਾਵਿਤ ਗਤੀਵਿਧੀਆਂ

1. ਕੋਈ ਵੀ ਸਟੋਰੀ/ ਨੈਤਿਕ ਕਦਰਾਂ-ਕੀਮਤਾਂ ਵਾਲੀ ਕਿਤਾਬ ਪੜ੍ਹਨਾ ਅਤੇ ਉਸ ਦੀਆਂ ਸਿੱਖਿਆਂਵਾਂ ਦਾ ਸਾਰ ਸਕਰੇਪ ਬੁੱਕ ਵਿੱਚ ਲਗਾਉਣਾ ਅਤੇ ਆਪਣੀ ਨਿਜੀ ਜ਼ਿੰਦਗੀ ਵਿੱਚ ਅਪਨਾਉਣਾ।
2. "ਬੈਸਟ ਆਉਟ ਆਫ ਵੇਸਟ" ਤਹਿਤ ਉਪਯੋਗ ਵਿੱਚ ਨਾ ਆਉਣ ਵਾਲੇ ਸਮਾਨ ਤੋਂ ਕੁੱਝ ਉਪਯੋਗੀ ਸਮਾਨ ਬਣਾਉਣਾ ਜਿਵੇਂ-, ਟਿਸ਼ੂ ਪੇਪਰ ਫਲਾਵਰ ਮੇਕਿੰਗ, ਵਾਲ ਹੈਗਿੰਗ, , ਸਟੋਨ ਪੇਟਿੰਗ, ਕਲੇ ਕਰਾਫਟ, ਪੇਪਰ ਕਰਾਫਟ,ਪਲਾਸਟਿਕ ਦਿਆਂ ਬੋਤਲਾਂ ਤੋਂ ਫਲਾਵਰ ਪਾਟ ਬਣਾਉਣਾ,ਗਿਫਟ ਪੈਕਿੰਗ ਆਦਿ।
3. ਕਿਚਨ ਦੇ waste ਤੋਂ ਖਾਦ ਬਣਾਉਣਾ ਅਤੇ ਮੌਸਮੀ ਪੌਦੇ/ਸਬਜ਼ੀਆਂ ਲਗਾਉਣਾ ਅਤੇ ਉਹਨਾਂ ਦੀ ਦੇਖਭਾਲ ਕਰਨਾ।
4. ਕਿਸੇ ਵੀ ਡਿਸ਼ ਨੂੰ ਕੁੱਕ ਕਰਨਾ ਅਤੇ ਉਸ ਦੀ ਰੈਸਿਪੀ ਦੀ ਪੀ.ਪੀ.ਟੀ. ਤਿਆਰ ਕਰਨਾ।
5. ਵਿਦਿਆਰਥੀ ਦੁਆਰਾ ਬਣਾਈ ਕਹਾਣੀ/ਪੋਮ ਨੂੰ ਸੁਣਾਉਂਦੇ ਹੋਏ ਵੀਡੀਓ ਰਿਕਾਰਡ ਕਰਨਾ।
6. ਕਮਿਊਨਿਟੀ ਸਰਵਿਸ ਪ੍ਰੋਜੈਕਟ ਤਹਿਤ ਘਰ ਵਿੱਚ ਨਾ ਵਰਤੇ ਜਾਣ ਵਾਲੇ ਸਮਾਨ ਨੂੰ ਲੋੜਵੰਦਾਂ ਨੂੰ ਦਾਨ ਕਰਨਾ/ ਆਪਣੇ ਘਰ ਜਾਂ ਆਲੇ-ਦੁਅਲੇ ਦੀ ਸਫਾਈ ਕਰਨਾ।
7. Academic enrichment ਤਹਿਤ ਵੱਖ-ਵੱਖ ਵਿਸ਼ਿਆਂ ਸੰਬੰਧੀ ਛੋਟੇ ਪ੍ਰਯੋਗ/ਕਿਰਿਆਵਾਂ/ਪ੍ਰੋਜੈਕਟ/ ਸਕ੍ਰੈਪਬੁੱਕ ਬਣਾਉਣਾ।
8. ਡਿਜੀਟਲ ਕਲਾ ਗਤੀਵਿਧੀ ਕਰਵਾਉਣਾ।

Academic enrichment ਤਹਿਤ ਵੱਖ-ਵੱਖ ਵਿਸ਼ਿਆਂ ਸੰਬੰਧੀ ਹੇਠ ਲਿਖੇ Investegtory Projects ਵਿਦਿਆਰਥੀਆਂ ਨੂੰ ਦਿੱਤੇ ਜਾ ਸਕਦੇ ਹਨ:

**1. ਪਾਣੀ ਦੇ ਪ੍ਰਦੂਸ਼ਣ ਦਾ ਅਧਿਐਨ (Study of Water Pollution)**

ਪ੍ਰੋਜੈਕਟ ਵਿੱਚ ਪਾਣੀ ਦੇ ਵਿਭਿੰਨ ਸਰੋਤਾਂ ਨੂੰ ਜਾਂਚਣਾ, ਜਿਸ ਵਿੱਚ ਨਦੀ, ਤਲਾਬ, ਅਤੇ ਮੱਛੀ ਫਾਰਮ ਸ਼ਾਮਲ ਹੋ ਸਕਦੇ ਹਨ। ਵਿਦਿਆਰਥੀ ਇਹ ਜਾਣ ਸਕਦੇ ਹਨ ਕਿ ਪਾਣੀ ਦੇ ਪ੍ਰਦੂਸ਼ਣ ਦੇ ਕਾਰਣ ਕੀ ਹਨ ਅਤੇ ਉਹ ਸਾਡੇ ਵਾਤਾਵਰਨ ਅਤੇ ਸਿਹਤ 'ਤੇ ਕਿਵੇਂ ਅਸਰ ਕਰਦੇ ਹਨ।

**2. ਵਾਤਾਵਰਨ 'ਤੇ ਪਲਾਸਟਿਕ ਦੇ ਪ੍ਰਭਾਵ (Impact of Plastic on Environment)**

ਵਿਦਿਆਰਥੀ ਇਸ ਪ੍ਰੋਜੈਕਟ ਵਿੱਚ ਪਲਾਸਟਿਕ ਦੇ ਵਾਤਾਵਰਨ 'ਤੇ ਪੈਦਾ ਹੋਣ ਵਾਲੇ ਨਕਾਰਾਤਮਕ ਪ੍ਰਭਾਵਾਂ ਦਾ ਅਧਿਐਨ ਕਰ ਸਕਦੇ ਹਨ। ਉਹ ਪਲਾਸਟਿਕ ਦੇ ਟੁਕੜੇ ਨੂੰ ਮਿੱਟੀ ਅਤੇ ਜਲ ਵਿੱਚ ਮਿਲਾ ਕੇ ਇਹ ਵੇਖ ਸਕਦੇ ਹਨ ਕਿ ਇਹ ਕਿਵੇਂ ਪ੍ਰਦੂਸ਼ਣ ਪੈਦਾ ਕਰਦਾ ਹੈ।

**3. ਕਲਾਈਮਟ ਚੇਂਜ ਅਤੇ ਉਸ ਦੀ ਗ੍ਰੀਨਹਾਉਸ ਗੈਸਾਂ ਦੇ ਨਾਲ ਸਬੰਧ (Climate Change and Its Relationship with Greenhouse Gases)**

ਵਿਦਿਆਰਥੀ ਇਸ ਪ੍ਰੋਜੈਕਟ ਵਿੱਚ ਜਲਵਾਯੂ ਬਦਲਾਅ ਅਤੇ ਗ੍ਰੀਨਹਾਉਸ ਗੈਸਾਂ ਦੇ ਸਬੰਧਾਂ ਨੂੰ ਜਾਣਚ ਸਕਦੇ ਹਨ। ਉਹ ਇਹ ਵੀ ਦਰਸਾ ਸਕਦੇ ਹਨ ਕਿ ਕਿਵੇਂ ਇਹ ਮੌਸਮੀ ਤਬਦੀਲੀਆਂ ਧਰਤੀ ਅਤੇ ਜੀਵਾਂ 'ਤੇ ਅਸਰ ਪਾ ਰਹੀਆਂ ਹਨ।

**4.ਭਾਰਤ ਦੇ ਦੋ ਰਾਜਾਂ ਦਾ ਜ਼ਮੀਨੀ ਢਾਂਚਾ ਅਤੇ ਖੇਤੀਬਾੜੀ ਦਾ ਤੁਲਨਾਤਮਕ ਅਧਿਐਨ (Comparative Study of Geography and Agriculture of Two States In India)**

ਵਿਦਿਆਰਥੀ ਦੋ ਭਾਰਤੀ ਰਾਜਾਂ (ਜਿਵੇਂ ਕਿ ਪੰਜਾਬ ਅਤੇ ਤਾਮਿਲ ਨਾਡੂ) ਦੇ ਜ਼ਮੀਨੀ ਢਾਂਚੇ ਅਤੇ ਖੇਤੀਬਾੜੀ ਨੂੰ ਤੁਲਨਾ ਕਰ ਸਕਦੇ ਹਨ। ਉਹ ਇਹ ਵੇਖ ਸਕਦੇ ਹਨ ਕਿ ਕਿਸੇ ਰਾਜ ਵਿੱਚ ਕਿਹੜੀਆਂ ਖੇਤੀਬਾੜੀ ਪਦਤੀਆਂ ਲਾਗੂ ਹਨ ਅਤੇ ਕਿਸ ਤਰ੍ਹਾਂ ਜ਼ਮੀਨ ਅਤੇ ਮੌਸਮ ਉਸ ਰਾਜ ਦੀ ਖੇਤੀਬਾੜੀ 'ਤੇ ਪ੍ਰਭਾਵ ਪਾਉਂਦੇ ਹਨ।

**5. ਸਥਾਨਕ ਖੇਤੀਆਂ ਅਤੇ ਖੇਤੀਬਾੜੀ (Local Farming and Agriculture)**

ਵਿਦਿਆਰਥੀ ਆਪਣੇ ਇਲਾਕੇ ਵਿੱਚ ਖੇਤੀਬਾੜੀ ਦੀਆਂ ਪ੍ਰਥਾਵਾਂ ਅਤੇ ਖੇਤਾਂ ਦੀ ਪ੍ਰਕਿਰਿਆ ਦਾ ਅਧਿਐਨ ਕਰ ਸਕਦੇ ਹਨ। ਉਹ ਇਹ ਸਮਝ ਸਕਦੇ ਹਨ ਕਿ ਲੋਕ ਕਿਹੜੀਆਂ ਫਸਲਾਂ ਦੀ ਖੇਤੀ ਕਰਦੇ ਹਨ ਅਤੇ ਕੀ ਖੇਤੀਬਾੜੀ ਵਿੱਚ ਆਰਥਿਕ ਮੁਸ਼ਕਲਾਂ ਹਨ।

**6.ਰਿਸ਼ਵਤ ਅਤੇ ਆਰਥਿਕ ਵਿਕਾਸ (Corruption and Economic Development)**

ਵਿਦਿਆਰਥੀ ਇਕ ਅਧਿਐਨ ਕਰ ਸਕਦੇ ਹਨ ਜਿਸ ਵਿੱਚ ਉਹ ਦਿਖਾ ਸਕਦੇ ਹਨ ਕਿ ਕਿਵੇਂ ਰਿਸ਼ਵਤ ਆਰਥਿਕ ਵਿਕਾਸ ਨੂੰ ਰੋਕਦੀ ਹੈ ਅਤੇ ਸਮਾਜ ਦੇ ਵਿਕਾਸ ਵਿੱਚ ਰੁਕਾਵਟ ਪਾਉਂਦੀ ਹੈ।

**7. ਐਲੋਪੈਥੀ ਅਤੇ ਹੋਮਿਓਪੈਥੀ ਦੇ ਫਰਕ (Difference Between Allopathy and Homoeopathy)**

ਵਿਦਿਆਰਥੀ ਐਲੋਪੈਥੀ ਅਤੇ ਹੋਮਿਓਪੈਥੀ ਦੇ ਇਲਾਜ ਅਤੇ ਉਨ੍ਹਾਂ ਦੇ ਪ੍ਰਭਾਵਾਂ ਦਾ ਅਧਿਐਨ ਕਰ ਸਕਦੇ ਹਨ। ਉਹ ਅੰਤਰ-ਵਿਸ਼ਵਾਸ ਅਤੇ ਪਰੀਖਿਆਤਮਕ ਦ੍ਰਿਸ਼ਟਿਕੋਣ ਤੋਂ ਇਸਦਾ ਮੁਕਾਬਲਾ ਕਰ ਸਕਦੇ ਹਨ।

**8.ਆਧੁਨਿਕ ਰੋਬੋਟਿਕਸ ਦਾ ਅਧਿਐਨ (Study of Modern Robotics)**

Scanned with CamScanner

ਵਿਦਿਆਰਥੀ ਇੱਕ ਛੋਟਾ ਰੋਬੋਟ ਬਣਾਕੇ, ਉਹ ਇਸਦਾ ਅਧਿਐਨ ਕਰ ਸਕਦੇ ਹਨ ਕਿ ਕਿਵੇਂ ਇਹ ਰੋਬੋਟ ਵੱਖ-ਵੱਖ ਕੰਮ ਕਰਦਾ ਹੈ ਅਤੇ ਕਿਸ ਤਰ੍ਹਾਂ ਇਹ ਮਨੁੱਖਾਂ ਦੀ ਮਦਦ ਕਰ ਸਕਦਾ ਹੈ।

**9.ਖੇਤੀਬਾੜੀ ਵਿੱਚ ਜਲ ਪ੍ਰਬੰਧਨ (Water Management in Agriculture)**

ਵਿਦਿਆਰਥੀ ਖੇਤੀਬਾੜੀ ਵਿੱਚ ਪਾਣੀ ਦੇ ਸਹੀ ਪ੍ਰਬੰਧਨ ਦਾ ਅਧਿਐਨ ਕਰ ਸਕਦੇ ਹਨ। ਉਹ ਇਹ ਵੇਖ ਸਕਦੇ ਹਨ ਕਿ ਕਿਵੇਂ ਵੱਖ-ਵੱਖ ਖੇਤੀਬਾੜੀ ਤਕਨੀਕਾਂ (ਜਿਵੇਂ ਕਿ ਓਰੀਜ਼ਲ, ਸਪ੍ਰਿੰਕਲਰ, ਅਤੇ ਟਿੱਪੀ ਸਿਸਟਮ) ਪਾਣੀ ਦੀ ਬਚਤ ਵਿੱਚ ਸਹਾਇਕ ਹਨ।

**10. ਭਾਰਤੀ ਸੰਵਿਧਾਨ ਅਤੇ ਮਾਨਵ ਅਧਿਕਾਰ (Indian Constitution and Human Rights)**

ਵਿਦਿਆਰਥੀ ਭਾਰਤੀ ਸੰਵਿਧਾਨ ਅਤੇ ਮਾਨਵ ਅਧਿਕਾਰਾਂ ਦਾ ਅਧਿਐਨ ਕਰ ਸਕਦੇ ਹਨ ਅਤੇ ਇਹ ਵੀ ਦਿਖਾ ਸਕਦੇ ਹਨ ਕਿ ਕਿਵੇਂ ਸੰਵਿਧਾਨ ਵਿੱਚ ਦਿੱਤੇ ਗਏ ਹੱਕ ਅਤੇ ਸੁਵਿਧਾਵਾਂ ਦਾ ਲੋਕਾਂ ਦੀ ਜ਼ਿੰਦਗੀ 'ਤੇ ਅਸਰ ਪੈਂਦਾ ਹੈ।

**11. ਪੰਜਾਬੀ ਕਵਿਤਾ ਦਾ ਅਧਿਐਨ (Study of Punjabi Poetry)**

ਵਿਦਿਆਰਥੀ ਪੰਜਾਬੀ ਕਵਿਤਾ ਦੇ ਵੱਖ-ਵੱਖ ਰੂਪਾਂ ਅਤੇ ਝੁਕਾਵਾਂ ਦਾ ਅਧਿਐਨ ਕਰ ਸਕਦੇ ਹਨ। ਉਹ ਕਵਿਤਾਵਾਂ ਦੀ ਭਾਵਨਾਵਾਂ, ਸ਼ੈਲੀ ਅਤੇ ਲਿਪੀ ਦਾ ਅਧਿਐਨ ਕਰ ਕੇ ਵਿਖੇ ਸਕਦੇ ਹਨ।

**12. ਪੰਜਾਬੀ ਸਾਹਿਤ ਦੀ ਅੰਤਰਰਾਸ਼ਟਰੀ ਪਹਚਾਨ (International Recognition of Punjabi Literature)**

ਵਿਦਿਆਰਥੀ ਪੰਜਾਬੀ ਸਾਹਿਤ ਦੇ ਵੱਖ-ਵੱਖ ਰਚਨਕਾਰਾਂ ਅਤੇ ਕਵੀਆਂ ਦੀ ਅੰਤਰਰਾਸ਼ਟਰੀ ਪਹਚਾਨ ਅਤੇ ਉਨ੍ਹਾਂ ਦੀਆਂ ਰਚਨਾਵਾਂ ਦਾ ਅਧਿਐਨ ਕਰ ਸਕਦੇ ਹਨ।

**13. ਭਾਰਤ ਵਿੱਚ ਲਿੰਗ ਸਮਾਨਤਾ (Gender Equality in India)**

ਵਿਦਿਆਰਥੀ ਭਾਰਤ ਵਿੱਚ ਲਿੰਗ ਸਮਾਨਤਾ ਅਤੇ ਮਹਿਲਾ ਅਧਿਕਾਰਾਂ ਦਾ ਅਧਿਐਨ ਕਰ ਸਕਦੇ ਹਨ ਅਤੇ ਇਹ ਵੇਖ ਸਕਦੇ ਹਨ ਕਿ ਕਿਵੇਂ ਸਮਾਜ ਵਿੱਚ ਲਿੰਗ ਭੇਦਭਾਵ ਨੂੰ ਘਟਾਉਣ ਲਈ ਯਤਨ ਕੀਤੇ ਜਾ ਰਹੇ ਹਨ।

**14. ਲੋਕ ਕਲਾ ਅਤੇ ਹਸਤਸ਼ਿਲਪ (Folk Art and Handicrafts)**

ਵਿਦਿਆਰਥੀ ਵੱਖ-ਵੱਖ ਪੰਜਾਬੀ ਲੋਕ ਕਲਾ ਸ਼ੈਲੀਆਂ ਅਤੇ ਹਸਤਸ਼ਿਲਪ (ਜਿਵੇਂ ਕਿ ਫਲੋਕ ਡਾਂਸ, ਫਲੋਕ ਕਵਿਤਾ, ਕਪੜੇ ਅਤੇ ਸਨਮਾਨ) ਦਾ ਅਧਿਐਨ ਕਰ ਸਕਦੇ ਹਨ।

**15. ਸਮੀਕਰਨਾਂ ਦਾ ਹੱਲ (Solving Algebraic Equations)**

ਵਿਦਿਆਰਥੀ ਵੱਖ-ਵੱਖ ਸਮੀਕਰਨਾਂ (ਜਿਵੇਂ ਕਿ ਲੀਨਿਅਰ, ਕਿਊਬਿਕ) ਨੂੰ ਹੱਲ ਕਰਨ ਦੇ ਤਰੀਕਿਆਂ ਦਾ ਅਧਿਐਨ ਕਰ ਸਕਦੇ ਹਨ।

**16. ਰੂਲਰ ਅਤੇ ਕੈਲਕੁਲੇਟਰ ਨਾਲ ਗਣਨਾ (Calculation with Ruler and Calculator)**

ਵਿਦਿਆਰਥੀ ਰੂਲਰ ਅਤੇ ਕੈਲਕੁਲੇਟਰ ਨਾਲ ਗਣਿਤੀ ਸਮੱਸਿਆਵਾਂ ਦਾ ਹੱਲ ਕਰਨ ਅਤੇ ਮਾਪ ਕਰਨ ਦੇ ਤਰੀਕਿਆਂ ਦਾ ਅਧਿਐਨ ਕਰ ਸਕਦੇ ਹਨ।

**17. ਭਾਰਤ ਦੇ ਕੋਈ ਦੋ ਰਾਜਾਂ ਦੇ ਲੋਕ ਸੰਸਕਾਰ ਅਤੇ ਰਿਵਾਜ ਦਾ ਤੁਲਨਾਤਮਕ ਅਧਿਐਨ (Cultural and Traditional Practices of any two states of India.)**

ਵਿਦਿਆਰਥੀ ਭਾਰਤ ਦੇ ਕੋਈ ਦੋ ਰਾਜਾਂ ਦੇ ਲੋਕ ਸੰਸਕਾਰ ਅਤੇ ਰਿਵਾਜ , ਤਿਉਹਾਰਾਂ ਅਤੇ ਖਾਣ-ਪੀਣ ਦੀਆਂ ਵਿਧੀਆਂ ਦਾ ਤੁਲਨਾਤਮਕ ਅਧਿਐਨ ਕਰ ਸਕਦੇ ਹਨ।

**18. ਭਾਰਤ ਦੇ ਰਾਜਾਂ ਵਿੱਚ ਸਿੱਖਿਆ ਪ੍ਰਣਾਲੀ ਦਾ ਅਧਿਐਨ (Study of Education Systems Across Indian States)**

ਵਿਦਿਆਰਥੀ ਪੰਜਾਬ ਅਤੇ ਕੇਰਲਾ ਦੇ ਰਾਜਾਂ ਵਿੱਚ ਸਿੱਖਿਆ ਪ੍ਰਣਾਲੀ ਦਾ ਅਧਿਐਨ ਕਰ ਸਕਦੇ ਹਨ। ਉਹ ਇਹ ਵੇਖ ਸਕਦੇ ਹਨ ਕਿ ਕਿਵੇਂ ਵੱਖ-ਵੱਖ ਰਾਜਾਂ ਵਿੱਚ ਸਿੱਖਿਆ ਦੇ ਮਾਪਦੰਡ ਅਤੇ ਯੋਜਨਾਵਾਂ ਅਲੱਗ ਹਨ।

**19. ਭਾਰਤ ਦੇ ਰਾਜਾਂ ਵਿੱਚ ਹਿੰਸਾ ਅਤੇ ਅਪਰਾਧ ਦਰ ਦਾ ਅਧਿਐਨ (Violence and Crime Rates in Different Indian States)**

ਵਿਦਿਆਰਥੀ ਦੋ ਭਾਰਤੀ ਰਾਜਾਂ (ਜਿਵੇਂ ਕਿ ਉੱਤਰ ਪ੍ਰਦੇਸ਼ ਅਤੇ ਪੰਜਾਬ) ਵਿੱਚ ਅਪਰਾਧ ਅਤੇ ਹਿੰਸਾ ਦੇ ਮਾਮਲਿਆਂ ਦਾ ਅਧਿਐਨ ਕਰ ਸਕਦੇ ਹਨ। ਉਹ ਇਹ ਵੇਖ ਸਕਦੇ ਹਨ ਕਿ ਕਿਹੜੇ ਸਮਾਜਿਕ ਅਤੇ ਆਰਥਿਕ ਕਾਰਣ ਅਪਰਾਧਾਂ ਨੂੰ ਵਧਾਉਂਦੇ ਹਨ।

**20. ਸਥਾਨਕ ਪਾਣੀ ਪ੍ਰਬੰਧਨ ਅਤੇ ਸੰਕਟ (Local Water Management and Crisis)**

ਵਿਦਿਆਰਥੀ ਆਪਣੇ ਇਲਾਕੇ ਵਿੱਚ ਪਾਣੀ ਦੀ ਕਮੀ ਅਤੇ ਪਾਣੀ ਪ੍ਰਬੰਧਨ ਦੀ ਪ੍ਰਕਿਰਿਆ ਦਾ ਅਧਿਐਨ ਕਰ ਸਕਦੇ ਹਨ। ਉਹ ਦੇਖ ਸਕਦੇ ਹਨ ਕਿ ਕਿਵੇਂ ਇਲਾਕੇ ਵਿੱਚ ਪਾਣੀ ਸੰਕਟ ਨੂੰ ਸੰਭਾਲਣ ਲਈ ਯੋਜਨਾਵਾਂ ਤੇ ਆਦਾਨ-ਪ੍ਰਦਾਨ ਕੀਤਾ ਜਾ ਰਿਹਾ ਹੈ।

Scanned with CamScanner

## Format of Report under Winter Camp at School level

1. Total Number of students participated in the camp.
2. Record of topics of Projects/Activities allotted to students (classwise).
3. Record of Photographs/videos of exhibition.
4. Any best practice.

## Format of Report under Winter Camp at District level(DEO SE)

1. Total Number of students participated in the camp.
2. Record of topics of Projects/Activities allotted to students (classwise).
3. Any best practice.

Scanned with CamScanner

# ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ),ਲੁਧਿਆਣਾ ।

ਪਿੱਠ ਅੰਕਣ ਨੰ-ਸੈ.ਸਿ/ਜੀ-6/2024-736 ਮਿਤੀ-ਲੁਧਿਆਣਾ 11/12/2024

ਉਪਰੋਕਤ ਦਾ ਉਤਾਰਾ PM SHRI ਸਕੂਲ ਮੁਖੀਆਂ ਨੂੰ ਸੂਚਨਾ ਹਿੱਤ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਪੱਤਰ ਵਿੱਚ ਦਰਜ ਹੁਕਮਾਂ/ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

Pooja Vaid
for/ ਜਿਲ੍ਹਾ ਸਿੱਖਿਆ ਅਫਸਰ(ਸੈ.ਸਿ)
ਲੁਧਿਆਣਾ
11/12/2024